# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਿਕਾ,
ਸਮੂਹ ਐਫੀਲੀਏਟਿਡ ਸਕੂਲਜ਼,
ਪੰਜਾਬ ਸਕੂਲ ਸਿੱਖਿਆ ਬੋਰਡ।

ਨੰਬਰ: ਪਸਸਬ-ਐਫੀ:2018/ 2639 ਮਿਤੀ: 6/4/18

**ਵਿਸ਼ਾ: ਉੱਤਰ ਪੱਤਰੀਆਂ ਦੇ ਮੁਲਾਂਕਣ ਲਈ ਯੋਗ ਅਧਿਆਪਕ ਭੇਜਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਪਹਿਲਾਂ ਵੀ ਪੱਤਰ ਨੰ: ਪਸਸਬ-ਐਫੀ:2018/281 ਮਿਤੀ: 17-01-2018 ਅਤੇ ਪੱਤਰ ਨੰ: ਪਸਸਬ-ਐਫੀ:2018/2482 ਮਿਤੀ: 22-03-2018 ਜਾਰੀ ਕਰਕੇ ਹਦਾਇਤ ਕੀਤੀ ਗਈ ਸੀ ਕਿ ਉੱਤਰ ਪੱਤਰੀਆਂ ਦੇ ਮੁਲਾਂਕਣ ਲਈ ਯੋਗ ਅਧਿਆਪਕ ਮੁਲਾਂਕਣ ਕੇਂਦਰਾਂ ਤੇ ਭੇਜੇ ਜਾਣ। ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਹੁਣ ਤੱਕ ਬਹੁਤ ਸਾਰੇ ਸਕੂਲਾਂ ਵੱਲੋਂ ਆਪਣੇ ਅਧਿਆਪਕਾਂ ਨੂੰ ਮੁਲਾਂਕਣ ਕਰਨ ਲਈ ਨਹੀਂ ਭੇਜਿਆ ਜਾ ਰਿਹਾ। ਜਿਸ ਦਾ ਬੋਰਡ ਮੈਨੇਜਮੈਂਟ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਪੱਤਰ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕਿ ਅੱਜ ਮਿਤੀ: 06-04-2018 ਨੂੰ ਆਪਣੇ ਯੋਗ ਅਧਿਆਪਕ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਭੇਜੇ ਜਾਣ ਅਤੇ ਉਹਨਾਂ ਵੱਲੋਂ ਨਿਰਧਾਰਤ ਮੁਲਾਂਕਣ ਕੇਂਦਰਾਂ ਤੇ ਮੁਲਾਂਕਣ ਦਾ ਕੰਮ ਕੀਤਾ ਜਾਵੇ। ਇਸ ਸਬੰਧੀ ਸੂਚਨਾ ਦਫਤਰ ਦੀ ਮੇਲ ਆਈ.ਡੀ. psebmohali@gmail.com ਜਾਂ branchaffiliation@gmail.com ਤੇ ਵੀ ਭੇਜੀ ਜਾਵੇ। ਇਹਨਾਂ ਹਦਾਇਤਾਂ ਦੀ ਪਾਲਣਾ ਨਾ ਕਰਨ ਤੇ ਸਮਝ ਲਿਆ ਜਾਵੇਗਾ ਕਿ ਸੰਸਥਾ ਦਫਤਰੀ ਹਦਾਇਤਾਂ ਦੀ ਪ੍ਰਵਾਹ ਨਹੀਂ ਕਰਦੀ। ਇਸ ਲਈ ਬਿਨ੍ਹਾਂ ਕੋਈ ਹੋਰ ਨੋਟਿਸ ਜਾਰੀ ਕੀਤੇ ਸੰਸਥਾ ਨੂੰ ਪ੍ਰਦਾਨ ਕੀਤੀ ਐਫੀਲੀਏਸ਼ਨ ਵਾਪਸ ਲੈ ਲਈ ਜਾਵੇਗੀ। ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।